ਡਾਇਰੈਕਟੋਰੇਟ
ਸਿਹਤ ਅਤੇ ਪਰਿਵਾਰ ਭਲਾਈ ਪੰਜਾਬ
ਪਰਿਵਾਰ ਕਲਿਆਣ ਭਵਨ, ਸੈਕਟਰ 34 ਏ, ਚੰਡੀਗੜ੍ਹ
(ਪੀ.ਬੀ. ਸ਼ਾਖਾ)

## ਪਬਲਿਕ ਨੋਟਿਸ

ਨੰ: ਪੀ.ਬੀ.(5)ਪੰ/21/182। ਮਿਤੀ ਚੰਡੀਗੜ੍ਹ 05/5/21

ਸਿਹਤ ਵਿਭਾਗ, ਪੰਜਾਬ ਅਧੀਨ ਰੇਡੀਉਗ੍ਰਾਫਰਾਂ ਦੀਆਂ ਖਾਲੀ ਪਈਆਂ 139 ਆਸਾਮੀਆਂ ਵਿਰੁੱਧ ਭਰਤੀ ਸਬੰਧੀ ਵਿਭਾਗ ਵਲੋਂ ਮਿਤੀ 04-08-2020 ਨੂੰ ਜਾਰੀ ਕੀਤੇ ਇਸ਼ਤਿਹਾਰ ਸਬੰਧੀ ਵਿਭਾਗ ਵਲੋਂ 102 ਯੋਗ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ ਅਤੇ ਭਰਤੀ ਦੀ ਇਹ ਪ੍ਰਕਿਆ ਅਜੇ ਵੀ ਵਿਭਾਗ ਦੀ ਕਾਰਵਾਈ ਅਧੀਨ ਹੈ।

। ਭਲਾਈ ਵਿਭਾਗ, ਪੰਜਾਬ ਵਲੋਂ ਪੱਤਰ ਨੰ: 1/24/2020-ਆਰ.ਸੀ.1/775 ਮਿਤੀ 18-12-2020 ਰਾਹੀਂ ਜਾਰੀ ਹਦਾਇਤਾਂ ਦੀ ਰੌਸ਼ਨੀ ਵਿੱਚ ਵਿਮੁਕਤ ਜਾਤੀ ਨਾਲ ਸਬੰਧਤ ਉਮੀਦਵਾਰ ਨੂੰ ਕੁੱਲ ਪ੍ਰਕਾਸ਼ਿਤ ਆਸਾਮੀਆਂ ਦਾ 2% ਹੀ ਦੇਣਾ ਬਣਦਾ ਹੈ ਅਤੇ ਇਹ ਆਸਾਮੀਆਂ ਅਨੁਸੂਚਿਤ ਜਾਤੀ (ਮ ਤੇ ਬ), ਸਾਬਕਾ ਫੌਜੀ (ਅ.ਜ.) ਅਤੇ ਖਿਡਾਰੀ (ਅ.ਜ.) ਦੀਆਂ ਬਾਕੀ ਬਚਦੀਆਂ ਆਸਾਮੀਆਂ ਵਿਚੋਂ ਹੀ ਭਰੀਆਂ ਜਾਣੀਆਂ ਹਨ ਅਤੇ ਇਸ ਸਮੇਂ ਵਿਭਾਗ ਵਿੱਚ ਇਸ ਭਰਤੀ ਅਧੀਨ ਅਪਲਾਈ ਕੀਤੇ ਉਮੀਦਵਾਰਾਂ ਵਿਚੋਂ ਵਿਮੁਕਤ ਜਾਤੀ ਨਾਲ ਸਬੰਧਤ ਉਮੀਦਵਾਰਾਂ ਦੀ ਮੁਕੰਮਲ ਸੂਚੀ ਉਪਲਬੱਧ ਨਹੀਂ ਹੈ।

ਉਪਰੋਕਤ ਦੇ ਸਨਮੁੱਖ ਇਸ ਭਰਤੀ ਵਿੱਚ ਅਪਲਾਈ ਕਰਨ ਵਾਲੇ ਸਮੂਹ ਵਿਮੁਕਤ ਜਾਤੀ ਦੇ ਉਮੀਦਵਾਰ ਜਿਨ੍ਹਾਂ ਨੇ ਲਿਖਤੀ ਪ੍ਰੀਖਿਆ ਵਿੱਚ 33% ਅੰਕ ਹਾਸਿਲ ਕੀਤੇ ਹਨ, ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਪਬਲਿਕ ਨੋਟਿਸ ਦੇ ਜਾਰੀ ਹੋਣ ਦੇ 10 ਦਿਨਾਂ ਦੇ ਅੰਦਰ-ਅੰਦਰ ਸਿਹਤ ਡਾਇਰੈਕਟੋਰੇਟ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ ਪਲਾਟ ਨੰ: 5, ਸੈਕਟਰ-34/ਏ, ਚੰਡੀਗੜ੍ਹ ਵਿਖੇ ਕਮਰਾ ਨੰ: 303 ਵਿਖੇ ਲਿਖਤੀ ਰੂਪ ਵਿੱਚ ਆਪਣੀ ਦਰਖਾਸਤ ਸਮੇਤ ਜਾਤੀ ਸਰਟੀਫਿਕੇਟ ਦੇ ਪੇਸ਼ ਕੀਤੀ ਜਾਂਵੇ। ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਨਿਰਧਾਰਿਤ ਸਮੇਂ ਉਪਰੰਤ ਪ੍ਰਾਪਤ ਹੋਣ ਵਾਲੀ ਕਿਸੇ ਵੀ ਦਰਖਾਸਤ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਕੇਵਲ ਨਿਰਧਾਰਿਤ ਸਮੇਂ ਅੰਦਰ ਦਰਖਾਸਤ ਦੇਣ ਵਾਲੇ ਉਮੀਦਵਾਰਾਂ ਦੇ ਨਾਵਾਂ ਤੇ ਹੀ ਵਿਚਾਰ ਕੀਤਾ ਜਾਵੇਗਾ।

ਇਹ ਸੂਚਨਾਂ ਸਿਹਤ ਵਿਭਾਗ ਦੀ ਵੈਬਸਾਈਟ www.pbhealth.gov.in ਅਤੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸੀਜ, ਫਰੀਦਕੋਟ ਦੀ ਵੈਬਸਾਈਟ www.bfuhs.ac.in ਤੇ ਵੀ ਵੇਖੀ ਜਾ ਸਕਦੀ ਹੈ।

4/5/21

ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ